## BeyondHousing ਉਨ੍ਹਾਂ ਲੋਕਾਂ ਨੂੰ ਵੱਖ-ਵੱਖ ਸੇਵਾਵਾਂ ਪ੍ਰਦਾਨ ਕਰਦੀ ਹੈ ਜੋ ਬੇਘਰੇ ਹਨ ਜਾਂ ਜਿਨ੍ਹਾਂ ਨੂੰ ਬੇਘਰ ਹੋਣ ਦਾ ਖਤਰਾ ਹੁੰਦਾ ਹੈ। ਅਸੀਂ ਰਿਹਾਇਸ਼ ਲੱਭਣ ਵਿੱਚ ਲੋਕਾਂ ਦੀ ਮਦਦ ਕਰਦੇ ਹਾਂ ਅਤੇ ਉਨ੍ਹਾਂ ਨੂੰ ਰਿਹਾਇਸ਼ ਬਣਾਏ ਰੱਖਣ ਵਿੱਚ ਮਦਦ ਕਰਦੇ ਹਾਂ।

ਅਸੀਂ ਗੁਣਵੱਤਾ ਭਰੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹਾਂ ਜੋ:

- ਮੁਫਤ ਹੁੰਦੀਆਂ ਹਨ
- ਗੋਪਨੀਯ ਹੁੰਦੀਆਂ ਹਨ
- ਸਭਿਆਚਾਰਕ ਤੌਰ 'ਤੇ ਉਚਿਤ ਹੁੰਦੀਆਂ ਹਨ
- ਕਿਸੇ ਬਾਰੇ ਪਹਿਲਾਂ ਕੋਈ ਰਾਏ ਨਹੀਂ ਬਣਾਉਂਦੀਆਂ ਹਨ।

ਸਾਡਾ ਮੰਨਣਾ ਹੈ ਕਿ ਹਰ ਕੋਈ, ਖਾਸ ਕਰਕੇ ਬੱਚੇ, ਸੁਰੱਖਿਅਤ ਹੋਣੇ ਚਾਹੀਦੇ ਹਨ, ਉਨ੍ਹਾਂ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਵਿਚਾਰ ਸੁਣੇ ਜਾਣੇ ਚਾਹੀਦੇ ਹਨ।

ਅਸੀਂ ਪੂਰੇ ਉੱਤਰੀ ਪੂਰਵੀ ਵਿਕਟੋਰੀਆ ਅਤੇ Goulburn Valley ਵਿੱਚ ਸੰਚਾਲਨ ਕਰਦੇ ਹਾਂ; ਇਸ ਵਿੱਚ Wodonga, Wangaratta, Shepparton, Seymour ਅਤੇ ਇਸ ਵਿੱਚਾਰਕ ਆਣ ਵਾਲੀਆਂ ਸਾਰੀਆਂ ਕਮਯੁਨਿਟੀਆਂ ਸ਼ਾਮਿਲ ਹਨ।

ਵਧੇਰੀ ਜਾਣਕਾਰੀ ਲਈ ਜਾਂ ਸਾਡੀ ਕਿਸੇ ਸੇਵਾ ਤਕ ਪਹੁੰਚ ਪ੍ਰਾਪਤ ਕਰਨ ਲਈ, ਕ੍ਰਿਪਾ ਕਰਕੇ ਕਿਸੇ ਦਫਤਰ ਨੂੰ ਫੋਨ ਕਰੋ, ਸਾਨੂੰ info@beyondhousing.org.au ਤੇ ਈਮੇਲ ਕਰੋ ਜਾਂ ਸਾਡੂ ਵੈੱਬਸਾਈਟ beyondhousing.org.au ਵੇਖੋ।

BeyondHousing ਤੁਹਾਡੀ ਗੋਪਨੀਯਤਾ, ਤੁਹਾਡੇ ਮਾਣ ਅਤੇ ਸਭਿਆਚਾਰ ਦਾ ਸਨਮਾਨ ਕਰਦੀ ਹੈ। ਅਸੀਂ ਬੱਚਿਆਂ ਲਈ ਸੁਰੱਖਿਅਤ ਸੰਸਥਾ ਹਾਂ ਅਤੇ ਸਾਡੇ ਸਾਰੇ ਦਫਤਰ ਅਪਾਹਜਾਂ ਲਈ ਸੁਲਭ ਹਨ। ਦੋਭਾਸ਼ੀਆ ਸੇਵਾਵਾਂ ਵੀ ਉਪਲਬਧ ਹਨ। ਸਾਰੀਆਂ ਸੇਵਾਵਾਂ ਮੁਫਤ ਹਨ।

Interpreter

ACCREDITED

BEYOND HOUSING

**Office hours**
Monday to Friday
9am - 5pm

82 High St
**Wodonga**
PO Box 761, 3689
(02) 6055 9000

40 - 42 Rowan St
**Wangaratta**
PO Box 273, 3676
(03) 5722 8000

54 Tallarook St
**Seymour**
PO Box 839, 3661
(03) 5735 2000

43B Wyndham St
**Shepparton**, 3630
(03) 5833 1000

For further information

**Visit our website**
beyondhousing.org.au

**Email us**
info@beyondhousing.org.au

**Follow us**
@beyondhousing



BEYOND HOUSING

# Our Services

## ਸਾਡੀਆਂ ਸੇਵਾਵਾਂ



Punjabi | ਪੰਜਾਬੀ

# ਬੇਘਰੀ ਸੇਵਾਵਾਂ

## ਸ਼ੁਰੂਆਤੀ ਮੁਲਾਂਕਣ ਅਤੇ ਯੋਜਨਾ (IAP)

ਅਸੀਂ ਉਨ੍ਹਾਂ ਲੋਕਾਂ ਦੀ ਮਦਦ ਕਰਦੇ ਹਾਂ ਜੋ ਬੇਘਰ ਹਨ ਜਾਂ ਜਿਨ੍ਹਾਂ ਨੂੰ ਬੇਘਰੀ ਦਾ ਖਤਰਾ ਹੁੰਦਾ ਹੈ।

ਅਸੀਂ ਹੇਠਾਂ ਦਿੱਤੇ ਕੰਮਾਂ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ:

- ਸੂਚਨਾ ਅਤੇ ਸਲਾਹ
- ਤਤਕਾਲੀਨ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਮਦਦ
  - ਰਿਹਾਇਸ਼ ਸੰਬੰਧੀ ਵਿਕਲਪ
  - ਭੋਜਨ
- ਅਸਥਾਈ ਰਿਹਾਇਸ਼ ਲਈ ਅਰਜ਼ੀ ਕਿਵੇਂ ਪਾਉਣੀ ਚਾਹੀਦੀ ਹੈ
- ਲੰਮੀ ਮਿਆਦ ਦੇ ਰਿਹਾਇਸ਼ੀ ਵਿਕਲਪ: ਸਰਕਾਰੀ ਰਿਹਾਇਸ਼ ਅਤੇ ਗੈਰ-ਸਰਕਾਰੀ ਰੇਂਟਲ
- ਉਨ੍ਹਾਂ ਏਜੰਸੀਆਂ ਨੂੰ ਰੇਫਰ ਕੀਤੇ ਜਾਣਾ ਜੋ ਸਮਰਥਨ ਵਿੱਚ ਮਦਦ ਦੇ ਸਕਦੀਆਂ ਹਨ
- ਸੁਰੱਖਿਅਤ ਰਿਹਾਇਸ਼ ਲਈ ਵਿੱਤੀ ਮਦਦ

ਜੇਕਰ ਤੁਹਾਨੂੰ ਤਤਕਾਲੀਨ ਮਦਦ ਦੀ ਲੋੜ ਹੈ ਤਾਂ ਕ੍ਰਿਪਾ ਕਰਕੇ 1800 825 955 ਤੇ ਫੋਨ ਕਰੋ।

ਆਉਟਰੀਚ ਸੇਵਾਵਾਂ ਪੂਰੇ Ovens, Goulburn ਅਤੇ Murray Valleys ਵਿੱਚ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

## ਅਸਥਾਈ ਰਿਹਾਇਸ਼

ਅਸੀਂ ਉਨ੍ਹਾਂ ਲੋਕਾਂ ਨੂੰ ਸੁਰੱਖਿਅਤ, ਅੰਸ਼ਕ ਰੂਪ ਵਿੱਚ ਸੱਜੇ-ਸਜਾਏ ਛੋਟੀ-ਮਿਆਦ ਦੀ ਰਿਹਾਇਸ਼ ਪ੍ਰਦਾਨ ਕਰਦੇ ਹਾਂ ਜੋ ਬੇਘਰੀ ਦਾ ਸਾਮ੍ਹਣਾ ਕਰ ਰਹੇ ਹੁੰਦੇ ਹਨ।

ਅਸਥਾਈ ਰਿਹਾਇਸ਼ ਵਿੱਚ ਰਹਿੰਦੇ ਹੋਏ, ਲੋਕ:

- ਕਿਸੇ ਸਮਰਥਨ ਏਜੰਸੀ ਨਾਲ ਕੰਮ ਕਰਦੇ ਹਨ
- ਲੰਮੀ-ਮਿਆਦ ਦੀ ਰਿਹਾਇਸ਼ ਦਾ ਪਤਾ ਲਗਾਉਂਦੇ ਹਨ ਜਿਹੜੀ ਉਨ੍ਹਾਂ ਲਈ ਉਚਿਤ ਹੋਵੇ
- ਕਿਰਾਏ ਤੇ ਰਹਿੰਦੇ ਹੋਏ ਆਪਣੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਸਿੱਖਦੇ ਹਨ।

## A Place to Call Home

A Place to Call Home ਅਸਥਾਈ ਰਿਹਾਇਸ਼ ਲਈ ਪਾਤਰ ਕਿਰਾਏਦਾਰਾਂ ਦੀ ਹੇਠਾਂ ਦਿੱਤੇ ਕੰਮਾਂ ਵਿੱਚ ਮਦਦ ਕਰਦੀ ਹੈ:

- ਸਥਾਨਕ ਭਾਈਚਾਰੇ ਨਾਲ ਅਟੁੱਟ ਸੰਬੰਧ ਬਣਾਉਣੇ
- ਸਰਕਾਰੀ ਰਿਹਾਇਸ਼ ਦੇ ਕਿਰਾਏਦਾਰ ਬਣਨਾ

ਸਮਰਥਾ ਅਤੇ ਭਾਈਚਾਰੇ ਵਿੱਚ ਸੰਬੰਧਾਂ ਦਾ ਨਿਰਮਾਣ ਕਰਨ ਲਈ ਕਿਰਾਏਦਾਰੀ ਦੌਰਾਨ ਤੀਬਰ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ

# ਰਿਹਾਇਸ਼ੀ ਸਹਾਇਤਾ ਸੇਵਾਵਾਂ

ਅਸੀਂ ਹੇਠਾਂ ਦਿੱਤੀਆਂ ਥਾਵਾਂ ਤੇ ਰਹਿਣ ਵਾਲੇ ਲੋਕਾਂ ਦੀ ਮਦਦ ਕਰਦੇ ਹਾਂ:

- ਸਰਕਾਰੀ ਰਿਹਾਇਸ਼
- ਕਮਯੂਨਿਟੀ ਹਾਉਸਿੰਗ ਜਾਂ
- ਐਬੋਰਿਜਨਲ ਹਾਉਸਿੰਗ ਵਿਕਟੋਰੀਆ (AHV) ਰਿਹਾਇਸ਼ ਵਿੱਚ ਰਹਿਣ ਵਾਲੇ ਲੋਕਾਂ ਨੂੰ ਨਵੀਂ ਕਿਰਾਏਦਾਰੀ ਵਿੱਚ ਜਾਣ ਜਾਂ ਉਸੇ ਕਿਰਾਏਦਾਰੀ ਨੂੰ ਬਣਾਏ ਰੱਖਣ ਵਿੱਚ ਮਦਦ।

Tenancy Plus ਸਰਕਾਰੀ ਅਤੇ ਕਮਯੂਨਿਟੀ ਰਿਹਾਇਸ਼ ਦੇ ਕਿਰਾਏਦਾਰਾਂ ਲਈ ਹੈ।

ਐਬੋਰਿਜਨਲ ਅਤੇ ਟੋਰਸ ਸਟ੍ਰੇਟ ਦੀਪਵਾਸੀ ਸਹਾਇਤਾ ਪ੍ਰੋਗ੍ਰਾਮ ਸਰਕਾਰੀ ਰਿਹਾਇਸ਼ ਦੇ ਕਿਰਾਏਦਾਰਾਂ ਨੂੰ ਐਬੋਰਿਜਨਲ ਜਾਂ ਟੋਰਸ ਸਟ੍ਰੇਟ ਦੀਪਵਾਸੀ ਅਤੇ AHV ਕਿਰਾਏਦਾਰ ਦੇ ਰੂਪ ਵਿੱਚ ਪਛਾਣ ਕਰਨ ਵਿੱਚ ਮਦਦ ਕਰਦੇ ਹਨ।

ਅਸੀਂ ਹੇਠਾਂ ਲਿੱਖੇ ਕੰਮਾਂ ਵਿੱਚ ਮਦਦ ਕਰ ਸਕਦੇ ਹਾਂ:

- ਕਿਰਾਏਦਾਰਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਾਉਣਾ
- ਮਕਾਨ-ਮਾਲਕਾਂ ਨਾਲ ਸਮਝੌਤਾ ਕਰਨਾ
- ਲਕਸ਼ ਹਾਸਿਲ ਕਰਨ ਲਈ ਮਾਮਲਾ ਯੋਜਨਾਵਾਂ ਤਿਆਰ ਕਰਨਾ
- ਰਿਹਾਇਸ਼ ਸੰਬੰਧੀ ਹੋਰ ਲੋੜਾਂ ਵਿੱਚ ਮਦਦ ਕਰਨਾ
- ਮਾਹਿਰ ਸੇਵਾਵਾਂ ਨੂੰ ਰੇਫਰਲ ਭੇਜਨਾ
- ਲੋਕਾਂ ਨੂੰ ਰਿਹਾਇਸ਼ ਸੰਬੰਧੀ ਆਪਣੇ ਮੁੱਦਿਆਂ ਨੂੰ ਹੱਲ ਕਰਨ ਲਈ ਇੱਕ ਮੰਚ ਦੇਣਾ
- ਵਿਕਟੋਰੀਅਨ ਸਿਵਿਲ ਐਂਡ ਐਡਮਿਨਿਸਟ੍ਰੇਟਿਵ ਟ੍ਰਿਬਯੂਨਲ (VCAT) ਤੇ ਐਡਵੋਕੇਸੀ (ਪੱਖ-ਸਮਰਥਨ) ਪ੍ਰਦਾਨ ਕਰਨਾ।

# ਕਮਯੂਨਿਟੀ ਹਾਉਸਿੰਗ

ਅਸੀਂ ਹੇਠਾਂ ਦਿੱਤੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ:

- ਚੰਗੀ ਰੱਖ-ਰਖਾਵ ਕੀਤੀਆਂ ਪ੍ਰਾਪਰਟੀਆਂ ਜੋ ਉਨ੍ਹਾਂ ਲੋਕਾਂ ਲਈ ਇੱਕ ਸਸਤੇ ਰਿਹਾਇਸ਼ੀ ਵਿਕਲਪ ਹਨ ਜਿਨ੍ਹਾਂ ਦੀ ਆਮਦਨੀ ਘੱਟ ਤੋਂ ਔਸਤਨ ਹੁੰਦੀ ਹੈ।
- ਉਹ ਪ੍ਰਾਪਰਟੀਆਂ ਜੋ ਤੁਹਾਡੀਆਂ ਲੋੜਾਂ ਨੂੰ ਪੂਰਾ ਕਰਦੀਆਂ ਹੋਣ
- ਸੁਸਥਿਰ ਅਤੇ ਲੰਮੀ ਮਿਆਦ ਦੀਆਂ ਕਿਰਾਏਦਾਰੀਆਂ ਨੂੰ ਵਧਾਵਾ ਦੇਣ ਲਈ ਦੂਜੀਆਂ ਭਾਈਚਾਰਕ ਸੰਸਥਾਵਾਂ ਨਾਲ ਸੰਪਰਕ ਜੋੜਨਾ।

ਕਿਰਾਇਆ ਘਰ-ਪਰਿਵਾਰ ਦੀ ਕੁੱਲ ਆਮਦਨੀ ਤੇ ਨਿਰਭਰ ਕਰਦਾ ਹੈ। ਆਮ-ਤੌਰ 'ਤੇ, ਕਿਰਾਏਦਾਰ ਕਿਰਾਏ ਦੇ ਤੌਰ 'ਤੇ ਘਰ-ਪਰਿਵਾਰ ਦੀ ਕੁੱਲ ਆਮਦਨੀ ਦੇ 30% ਤੋਂ ਜਿਆਦਾ ਦਾ ਭੁਗਤਾਨ ਨਹੀਂ ਕਰਨਗੇ।

ਕਮਯੂਨਿਟੀ ਹਾਉਸਿੰਗ ਲਈ ਅਰਜ਼ੀਆਂ ਸਿਹਤ ਅਤੇ ਮਾਨਵ ਸੇਵਾਵਾਂ ਦੇ ਵਿਭਾਗ ਕੋਲ ਹੁੰਦੀਆਂ ਹਨ ਜੋ ਕਿ ਵਿਕਟੋਰੀਅਨ ਹਾਉਸਿੰਗ ਰਜਿਸਟਰ ਦਾ ਪ੍ਰਬੰਧ ਕਰਦਾ ਹੈ।

# ਗੈਰ-ਸਰਕਾਰੀ ਰੇਂਟਲ ਸਹਾਇਤਾ

ਅਸੀਂ ਹੇਠਾਂ ਲਿੱਖੇ ਕੰਮਾਂ ਵਿੱਚ ਲੋਕਾਂ ਦੀ ਮਦਦ ਕਰਦੇ ਹਾਂ:

- ਆਪਣੇ ਗੈਰ-ਸਰਕਾਰੀ ਰੇਂਟਲ ਕਿਰਾਏਦਾਰੀ ਨੂੰ ਲੱਭਣਾ ਅਤੇ ਇਸਨੂੰ ਬਣਾਏ ਰੱਖਣਾ
- ਉਨ੍ਹਾਂ ਕਿਰਾਏਦਾਰਾਂ ਲਈ ਪੱਖ-ਸਮਰਥਕ ਜਿਨ੍ਹਾਂ ਦੀਆਂ ਆਪਣੇ ਮਕਾਨ-ਮਾਲਕਾਂ ਨਾਲ ਸਮੱਸਿਆਵਾਂ ਚੱਲ ਰਹੀਆਂ ਹੋਣ
- ਵਿਕਟੋਰੀਅਨ ਸਿਵਿਲ ਐਂਡ ਐਡਮਿਨਿਸਟ੍ਰੇਟਿਵ ਟ੍ਰਿਬਯੂਨਲ (VCAT) ਜਾਣਾ

ਗੈਰ-ਸਰਕਾਰੀ ਕਿਰਾਏਦਾਰੀ ਸਹਾਇਤਾ ਪ੍ਰੋਗ੍ਰਾਮ (Private Rental Assistance Program - PRAP) ਉਨ੍ਹਾਂ ਲੋਕਾਂ ਲਈ ਹੈ ਜੋ:

- ਆਪਣੇ ਗੈਰ-ਸਰਕਾਰੀ ਕਿਰਾਏ ਦਾ ਭੁਗਤਾਨ ਕਰਨ ਲਈ ਮੁਸ਼ਕਲਾਂ ਦਾ ਸਾਮ੍ਹਣਾ ਕਰ ਰਹੇ ਹਨ
- ਕਿਸੇ ਕੈਰਾਵੇਨ ਪਾਰਕ ਜਾਂ ਰੂਮਿੰਗ ਹਾਉਸ ਵਿੱਚ ਰਹਿ ਰਹੇ ਹਨ
- ਜਿਨ੍ਹਾਂ ਨੂੰ ਵਧੇਰੀ ਉਪਯੁਕਤ ਰਿਹਾਇਸ਼ ਦੀ ਲੋੜ ਹੈ
- ਜਿਨ੍ਹਾਂ ਨੂੰ ਗੈਰ-ਸਰਕਾਰੀ ਰੇਂਟਲ ਲੱਭਣ ਵਿੱਚ ਮੁਸ਼ਕਲ ਆ ਰਹੀ ਹੈ।

ਖਤਰੇ ਵਾਲੀ ਕਿਰਾਏਦਾਰੀ ਨੂੰ ਬਣਾਏ ਰੱਖਣਾ (Sustaining Tenancies at Risk - STAR) ਗੈਰ-ਸਰਕਾਰੀ ਰੇਂਟਲ ਵਿੱਚ ਰਹਿਣ ਵਾਲੇ ਉਨ੍ਹਾਂ ਲੋਕਾਂ ਲਈ ਹੈ ਜਿਨ੍ਹਾਂ ਨੂੰ ਕਿਰਾਏ ਨਾ ਦੇਣ ਕਰਕੇ ਆਪਣੀ ਕਿਰਾਏਦਾਰੀ ਤੋਂ ਹੱਥ ਗਵਾਉਣ ਦਾ ਖਤਰਾ ਹੋਵੇ।

ਜਿਨ੍ਹਾਂ ਕੰਮਾਂ ਵਿੱਚ ਅਸੀਂ ਮਦਦ ਕਰ ਸਕਦੇ ਹਾਂ, ਉਨ੍ਹਾਂ ਵਿੱਚ ਸ਼ਾਮਿਲ ਹਨ:

- ਰੇਂਟਲ ਹਿਸਟਰੀ
- ਗੈਰ-ਸਰਕਾਰੀ ਰੇਂਟਲ ਹਾਉਸਿੰਗ ਲੱਭਣੀ
- ਮੌਜੂਦਾ ਕਿਰਾਏਦਾਰੀ ਨੂੰ ਕਿਵੇਂ ਬਣਾਏ ਰੱਖਣਾ
- ਅਧਿਕਾਰਾਂ, ਜ਼ਿੰਮੇਵਾਰੀਆਂ ਅਤੇ ਇਸ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਕਿ ਰਿਹਾਇਸ਼ੀ ਕਿਰਾਏਦਾਰੀ ਐਕਟ (Residential Tenancy Act) ਕਿਵੇਂ ਕੰਮ ਕਰਦਾ ਹੈ
- ਮਕਾਨ-ਮਾਲਕਾਂ ਜਾਂ ਰੀਅਲ ਅਸਟੇਟ ਏਜੰਟਾਂ ਨਾਲ ਸਮਝੌਤੇ ਕਰਨੇ
- ਬਜਟ ਬਣਾਉਣਾ
- ਲੋੜ ਪੈਣ ਤੇ, ਅਤੇ ਜਿੱਥੇ ਯੋਗਤਾ ਹੋਵੇ, ਉੱਥੇ ਦਲਾਲੀ ਸੇਵਾ ਪ੍ਰਦਾਨ ਕਰਨੀ
- ਦਸਤਾਵੇਜ਼ਾਂ ਦੀ ਸਮੀਖਿਆ ਕਰਨੀ ਅਤੇ ਵੇਰਵਾ ਦੇਣਾ
- VCAT ਸੁਣਵਾਈਆਂ ਲਈ ਦਸਤਾਵੇਜ਼ ਤਿਆਰ ਕਰਨੇ ਅਤੇ VCAT ਤੇ ਲੋਕਾਂ ਨਾਲ ਹਾਜਰ ਹੋਣਾ
- ਲੋੜ ਪੈਣ 'ਤੇ ਸਪੇਸ਼ਲਿਸਟ ਸੇਵਾਵਾਂ ਨੂੰ ਰੇਫਰਲ ਕਰਨਾ।